# ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (SECC) ਪ੍ਰਕਿਰਿਆ ਦੀ ਆਮ ਸੰਖੇਪ ਜਾਣਕਾਰੀ

ਜਨਤਕ ਨਿਰਦੇਸ਼ ਸਬੰਧੀ ਸੁਰਪਰਡੈਂਟ ਦਾ ਦਫ਼ਤਰ (Office of Superintendent of Public Instruction) ਨੂੰ ਮਾਪਿਆਂ ਵੱਲੋਂ ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਇੱਕ ਮੁਕੰਮਲ ਸ਼ਿਕਾਇਤ ਪ੍ਰਾਪਤ ਹੁੰਦੀ ਹੈ। ਸ਼ਿਕਾਇਤ 'ਤੇ ਦਸਤਖਤ ਕਰਨ ਤੋਂ ਬਾਅਦ ਸ਼ਿਕਾਇਤ ਸਕੂਲ ਜਿਲ੍ਹੇ ਨੂੰ ਵੀ ਭੇਜ ਦਿੱਤੀ ਗਈ ਹੈ। (**ਦਿਨ 1**)

↓

OSPI ਸ਼ਿਕਾਇਤ ਨੂੰ ਖੋਲ੍ਹੇਗਾ ਅਤੇ ਸਕੂਲ ਜ਼ਿਲ੍ਹੇ ਅਤੇ ਮਾਪਿਆਂ ਨੂੰ ਜਾਂਚ ਲਈ ਮੁੱਦੇ(ਮੁੱਦਿਆਂ) ਤੋਂ ਜਾਣੂ ਕਰਵਾਉਂਦੇ ਹੋਏ ਈਮੇਲ ਪੱਤਰ ਭੇਜੇਗਾ। ਜ਼ਿਲ੍ਹਾ ਪੱਤਰ ਜ਼ਿਲ੍ਹੇ ਨੂੰ OSPI ਨੂੰ ਜਵਾਬ ਅਤੇ ਦਸਤਾਵੇਜ਼, ਜਿਵੇਂ ਕਿ IEPs, ਮੁਲਾਂਕਣ ਰਿਪੋਰਟਾਂ, ਈਮੇਲਾਂ ਦੀਆਂ ਕਾਪੀਆਂ, ਆਦਿ ਪ੍ਰਦਾਨ ਕਰਨ ਲਈ ਆਖੇਗਾ।

↓

ਜ਼ਿਲ੍ਹੇ ਕੋਲ ਜਾਂਚ ਨਾਲ ਸਬੰਧਤ ਮੁੱਦਿਆਂ ਦਾ ਜਵਾਬ ਦੇਣ ਲਈ **17 ਕੈਲੰਡਰ ਦਿਨ*** ਹੁੰਦੇ ਹਨ। * ਜਦੋਂ ਤੱਕ OSPI ਵੱਲੋਂ ਮਿਆਦ ਵਧਾਉਣ ਦੀ ਆਗਿਆ ਨਾ ਮਿਲ ਜਾਵੇ।

↓

OSPI ਨੂੰ ਸ਼ਿਕਾਇਤ ਸਬੰਧੀ ਜ਼ਿਲ੍ਹੇ ਦਾ ਜਵਾਬ ਪ੍ਰਾਪਤ ਹੁੰਦਾ ਹੈ ਅਤੇ ਉਹ ਇਸਦੀ ਇਹ ਯਕੀਨੀ ਬਣਾਉਣ ਲਈ ਸਮੀਖਿਆ ਕਰਦਾ ਹੈ ਕਿ ਸ਼ਿਕਾਇਤ ਵਿੱਚ ਅਣਪਛਾਤੇ ਰੱਖੇ ਗਏ ਵਿਦਿਆਰਥੀਆਂ ਦੀ ਨਿੱਜੀ ਪਛਾਣ ਨਾਲ ਸਬੰਧਤ ਜਾਣਕਾਰੀ ਹਟਾ ਦਿੱਤੀ ਗਈ ਹੋਵੇ।

↓

OSPI ਜਿਲ੍ਹੇ ਦੇ ਜਵਾਬ ਦੀ ਇੱਕ ਕਾਪੀ ਮਾਪਿਆਂ ਨੂੰ ਈਮੇਲ ਕਰ ਦਿੰਦਾ ਹੈ।

↓

ਮਾਪਿਆਂ ਕੋਲ ਕਿਸੇ ਵੀ ਵਾਧੂ ਜਾਣਕਾਰੀ ਸਬੰਧੀ ਜਵਾਬ ਦੇਣ ਲਈ **10 ਕੈਲੰਡਰ ਦਿਨ*** ਹੁੰਦੇ ਹਨ ਜੋ ਅਜਿਹੀ ਜਾਣਕਾਰੀ ਹੁੰਦੀ ਹੈ ਜਿਸ ਸਬੰਧੀ ਉਹ ਚਾਹੁੰਦੇ ਹਨ ਕਿ OSPI ਜਾਂਚ ਦੇ ਹਿੱਸੇ ਵਜੋਂ ਇਸ ਉੱਤੇ ਵਿਚਾਰ ਕਰੇ। *ਜਦੋਂ ਤੱਕ OSPI ਵੱਲੋਂ ਮਿਆਦ ਵਧਾਉਣ ਦੀ ਆਗਿਆ ਨਾ ਮਿਲ ਜਾਵੇ।

↓

OSPI ਨੂੰ ਮਾਪਿਆਂ ਦਾ ਜਵਾਬ ਪ੍ਰਾਪਤ ਹੁੰਦਾ ਹੈ। OSPI ਮਾਪਿਆਂ ਦੇ ਜਵਾਬ ਦੀ ਇੱਕ ਕਾਪੀ ਜਿਲ੍ਹੇ ਨੂੰ ਈਮੇਲ ਕਰ ਦਿੰਦਾ ਹੈ।

↓

ਜਾਂਚ ਦੇ ਹਿੱਸੇ ਵਜੋਂ OSPI ਮਾਪਿਆਂ ਅਤੇ ਜ਼ਿਲ੍ਹੇ ਵੱਲੋਂ ਪ੍ਰਦਾਨ ਕੀਤੀ ਗਈ ਸਾਰੀ ਜਾਣਕਾਰੀ ਦੀ ਸਮੀਖਿਆ ਕਰਦਾ ਹੈ।

↓

ਲੋੜ ਪੈਣ 'ਤੇ, OSPI ਜ਼ਿਲ੍ਹੇ ਜਾਂ ਮਾਪਿਆਂ ਨੂੰ ਵਾਧੂ ਜਾਂ ਸਪੱਸ਼ਟ ਜਾਣਕਾਰੀ ਪ੍ਰਦਾਨ ਕਰਨ ਲਈ ਆਖੇਗਾ। OSPI ਇੰਟਰਵਿਊ ਲੈ ਸਕਦਾ ਹੈ ਜਾਂ ਉਸ ਸਥਾਨ 'ਤੇ ਜਾਕੇ ਕਲਾਸਰੂਮ ਵਿੱਚ ਪਹੁੰਚ ਵੀ ਕਰ ਸਕਦਾ ਹੈ।

↓

OSPI ਜਿਲ੍ਹੇ ਅਤੇ ਮਾਪਿਆਂ ਨੂੰ OSPI ਵੱਲੋਂ ਸ਼ਿਕਾਇਤ ਪ੍ਰਾਪਤ ਹੋਣ ਦੀ ਮਿਤੀ ਦੇ **60 ਕੈਲੰਡਰ ਦਿਨਾਂ** ਤੱਕ ਇੱਕ ਲਿਖਤੀ ਫੈਸਲਾ ਈਮੇਲ ਕਰਦਾ ਹੈ। (**ਦਿਨ 60**)

ਵਿਸ਼ੇਸ਼ ਸਿੱਖਿਆ ਭਾਈਚਾਰੇ ਦੀ ਸ਼ਿਕਾਇਤ (SECC) ਦੀ ਪ੍ਰਕਿਰਿਆ, ਵੱਲੋਂ ਜਨਤਕ ਨਿਰਦੇਸ਼ ਸਬੰਧੀ ਸੁਪਰਡੈਂਟ ਦਾ ਦਫ਼ਤਰ ਜੋ ਕਰੇਟੀਵ ਕਾਮਨਜ਼ (Creative Commons) ਐਟਰੀਬਿਊਸ਼ਨ ਲਾਇਸੰਸ ਲਾਇਸੰਸ ਅਧੀਨ ਹੈ।

ਨਵੰਬਰ 2021